

ਕਾਨਫਰੰਸ ਦੀ ਸਮਾਪਤੀ ਦੌਰਾਨ ਸ਼ਬਦ ਐਲਬਮ ਰੂਹਾਨੀਅਤ ਦਾ ਪੋਸਟਰ ਜਾਰੀ ਕਰਦੇ ਹੋਏ 'ਵਰਸਿਟੀ ਅਧਿਕਾਰੀ ਤੇ ਮਹਿਮਾਨ। ਤਸਵੀਰ: ਰਾਹੀ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਤਿੰਨ ਰੋਜ਼ਾ ਅੰਤਰ-ਰਾਸ਼ਟਰੀ ਗੁਰਮਤਿ ਸੰਗੀਤ ਸੰਮੇਲਨ ਅਤੇ ਕਾਨਫਰੰਸ ਸੰਪੰਨ

ਤਲਵੰਡੀ ਸਾਬੋ, 27 ਨਵੰਬਰ (ਰਵਜੋਤ ਸਿੰਘ ਰਾਹੀ)-ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਸਥਾਪਿਤ ਗੁਰੂ ਨਾਨਕ ਚੇਅਰ, ਭਾਈ ਮਰਦਾਨਾ ਚੇਅਰ ਅਤੇ ਫੈਕਲਟੀ ਆਫ਼ ਵਿਜ਼ੂਅਲ ਐਂਡ ਪਰਫਾਰਮਿੰਗ ਆਰਟਸ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਿਤ ਤਿੰਨ ਰੋਜ਼ਾ ਗੁਰਮਤਿ ਸੰਗੀਤ ਸੰਮੇਲਨ ਅਤੇ ਅੰਤਰ-ਰਾਸ਼ਟਰੀ ਕਾਨਫਰੰਸ 'ਵਰਸਿਟੀ ਦੇ ਆਡੀਟੋਰੀਅਮ ਵਿਖੇ ਸੰਪੰਨ ਹੋਈ। ਗੁਰਮਤਿ ਸੰਮੇਲਨ ਦੀ ਪ੍ਰਧਾਨਗੀ ਕਰ ਰਹੇ ਪਦਮ ਸ੍ਰੀ ਪੂਰਨ ਚੰਦ ਵਡਾਲੀ ਨੇ ਆਯੋਜਕਾਂ ਵਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ, ਪਾਸਾਰ ਅਤੇ ਤੰਤੀ ਲੋਕ ਸਾਜਾਂ ਦੀ ਸਾਂਭ ਸੰਭਾਲ ਲਈ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਆਪਣੇ ਸੂਫੀਆਨਾ ਕਲਾਮ ਅਤੇ ਗੁਰੂਆਂ ਵਲੋਂ ਸੁਝਾਈ ਜੀਵਨ ਜਾਂਚ ਰਾਹੀਂ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਕਾਨਫਰੰਸ ਦੀ ਪ੍ਰਧਾਨਗੀ ਡਾ. ਦਲਬੀਰ ਸਿੰਘ ਕਥੂਰੀਆ, ਚੇਅਰਮੈਨ, ਵਿਸ਼ਵ ਪੰਜਾਬੀ ਸਭਾ ਬਰੈਮਪਟਨ, ਕੈਨੇਡਾ ਨੇ ਕੀਤੀ। ਇਸ ਮੌਕੇ ਚਾਂਸਲਰ ਗੁਰਲਾਭ ਸਿੰਘ ਸਿੱਧੂ ਨੇ ਵਿਸ਼ੇਸ਼ ਮਹਿਮਾਨ ਤੇ ਪ੍ਰੋ. ਡਾ. ਜਸਪਾਲ ਕੌਰ ਕਾਂਗ ਸਾਬਕਾ ਡੀਨ ਜੀ.ਐਨ.ਡੀ.ਯੂ. ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਪ੍ਰੋ. (ਡਾ.) ਗੁਰਨਾਮ ਸਿੰਘ ਕੈਨੇਡਾ, ਦਲਜਿੰਦਰ ਸਿੰਘ ਰਾਹੇਲ, ਨਵਪ੍ਰੀਤ ਕੌਰ, ਹਰਬਿੰਦਰ ਸਿੰਘ ਬਾਜਵਾ, ਸਤਬੀਰ ਸਿੰਘ, ਜਸਵਿੰਦਰ ਸਿੰਘ ਬਿਟਾ ਤੇ ਵੱਖ-ਵੱਖ ਦੇਸ਼ਾਂ ਤੋਂ ਵਿਦਵਾਨ, ਬੁਧੀਜੀਵੀ ਤੇ ਗੁਰਮਤਿ ਸੰਗੀਤ ਨਾਲ ਜੁੜੀਆਂ ਸ਼ਖ਼ਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਯੂਨੀਵਰਸਿਟੀ ਦੇ ਚਾਂਸਲਰ ਸਿੱਧੂ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਤੇ ਉਨ੍ਹਾਂ ਵਲੋਂ ਸਰਬੱਤ ਦੇ ਭਲੇ ਲਈ ਵਿਖਾਏ ਗਏ ਰਸਤੇ 'ਤੇ ਚੱਲਣ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਲੋਂ ਹਰ ਸਾਲ ਜੰਮੂ ਕਸ਼ਮੀਰ ਦੇ 25 ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਮੁਹੱਈਆ ਕਰਵਾਈ ਜਾਵੇਗੀ। ਪ੍ਰਧਾਨਗੀ ਭਾਸ਼ਣ ਵਿਚ ਡਾ. ਕਥੂਰੀਆ ਨੇ ਜੀ.ਕੇ.ਯੂ. ਵੱਲੋਂ ਸਥਾਪਿਤ ਕੀਤੀ ਗੁਰੂ ਨਾਨਕ ਚੇਅਰ ਅਤੇ ਭਾਈ ਮਰਦਾਨਾ ਚੇਅਰ ਨੂੰ ਗੁਰੂਆਂ ਪ੍ਰਤੀ ਸੱਚੀ ਸ਼ਰਧਾਂਜਲੀ ਦੱਸਿਆ। ਵਾਇਸ ਚਾਂਸਲਰ ਡਾ. ਸਿੰਘ ਨੇ ਕਿਹਾ ਕਿ ਜੀ.ਕੇ.ਯੂ. ਗੁਰੂਆਂ ਦੇ ਫਲਸਫੇ ਅਤੇ ਸਿੱਖਿਆਵਾਂ ਨੂੰ ਮੁੱਖ ਰੱਖਦੇ ਹੋਏ ਲੋਕ ਹਿੱਤ ਦੇ ਕੰਮ ਜਾਰੀ ਰੱਖੇਗੀ। ਸਵਾਗਤੀ ਭਾਸ਼ਣ ਵਿੱਚ ਪ੍ਰੋ ਵਾਈਸ ਚਾਂਸਲਰ ਡਾ. ਜਗਤਾਰ ਸਿੰਘ ਧੀਮਾਨ ਨੇ ਤਿੰਨ ਦਿਨ ਚੱਲੇ ਗੁਰਮਤਿ ਸੰਮੇਲਨ ਅਤੇ ਕਾਨਫਰੰਸ ਬਾਰੇ ਜਾਣਕਾਰੀ ਦਿੱਤੀ। ਸਮਾਰੋਹ ਵਿੱਚ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਰਾਜ ਜਨੱਤ ਵਲੋਂ ਸੰਗੀਤਬੱਧ ਅਤੇ ਗਾਇਨ ਕੀਤੀ ਸ਼ਬਦ ਐਲਬਮ ਰੂਹਾਨੀਅਤ ਦਾ ਪੋਸਟਰ ਰੀਲੀਜ਼ ਕੀਤਾ ਗਿਆ।

**ਜੰਮੂ ਕਸ਼ਮੀਰ ਦੇ ਸਿੱਖ ਪਰਿਵਾਰਾਂ ਦੇ 25 ਬੱਚਿਆਂ ਨੂੰ ਮੁਫ਼ਤ ਸਿੱਖਿਆ ਮੁਹੱਈਆ ਕਰਵਾਏਗੀ ਜੀ.ਕੇ.ਯੂ.- ਗੁਰਲਾਭ ਸਿੰਘ ਸਿੱਧੂ**

# ਬੈਂਕਾਂ 'ਚ ਪਿਆ ਨਕਦੀ ਦਾ 'ਸੋਕਾ', ਲੋਕਾਂ 'ਚ ਮਚੀ 'ਹਾਹਾਕਾਰ'

## ਪੰਜਾਬ ਸਰਕਾਰ ਦੇ ਖਜ਼ਾਨੇ ਦਾ ਵੀ ਨਿਕਲਿਆ 'ਧੂੰਆਂ', ਨਹੀਂ ਮਿਲੀਆਂ ਅਕਤੂਬਰ ਮਹੀਨੇ ਦੀਆਂ ਪੈਨਸ਼ਨਾਂ

ਭੁੱਚੋ ਮੰਡੀ, 27 ਨਵੰਬਰ (ਪਰਵਿੰਦਰ ਸਿੰਘ ਜੌੜਾ)-ਝੋਨੇ ਦੇ ਇਸ ਸੀਜਨ ਦੌਰਾਨ ਬੈਂਕਾਂ ਵਿਚ ਨਕਦੀ ਦਾ 'ਸੋਕਾ' ਪੈ ਗਿਆ ਹੈ। ਨਕਦੀ ਨਾ ਮਿਲਣ ਕਾਰਨ ਲੋਕਾਂ, ਖਾਸ ਕਰਕੇ ਕਾਰੋਬਾਰੀਆਂ ਵਿਚ 'ਹਾਹਾਕਾਰ' ਮੱਚ ਗਈ ਹੈ। ਦੂਜੇ ਪਾਸੇ ਪੰਜਾਬ ਸਰਕਾਰ ਦੇ ਖਜ਼ਾਨੇ ਦਾ ਵੀ 'ਧੂੰਆਂ' ਨਿਕਲਿਆ ਨਜ਼ਰ ਆ ਰਿਹਾ ਹੈ। ਮਿਲੀ ਪ੍ਰਤੱਖ ਜਾਣਕਾਰੀ ਅਨੁਸਾਰ ਸੂਬਾ ਸਰਕਾਰ ਵਲੋਂ 27 ਨਬੰਬਰ ਤੱਕ ਅਕਤੂਬਰ ਮਹੀਨੇ ਦੀਆਂ ਵਿਧਵਾ, ਬੁਢਾਪਾ ਅਤੇ ਅੰਗਹੀਣ ਪੈਨਸ਼ਨਾਂ ਨਹੀਂ ਦਿੱਤੀਆਂ ਜਾ ਸਕੀਆਂ ਹਨ। ਜਦੋਂ ਕਿ ਇਨ੍ਹਾਂ ਪੈਨਸ਼ਨਾਂ ਦੇ ਬਿੱਲ ਨਬੰਵਰ ਦੇ ਪਹਿਲੇ ਹਫ਼ਤੇ ਬਣ ਕੇ ਤਿਆਰ ਹੋ ਗਏ ਸਨ, ਪ੍ਰੰਤੂ ਅਜੇ ਤੱਕ ਇਨ੍ਹਾਂ ਨੂੰ ਮਨਜ਼ੂਰੀ ਨਹੀਂ ਮਿਲ ਸਕੀ ਹੈ। ਪਤਾ ਇਹ ਵੀ ਲੱਗਾ ਹੈ ਕਿ ਸਪਲਾਈ ਮਟੀਰੀਅਲ ਦੇ ਬਿੱਲ ਖਜ਼ਾਨੇ ਵਿਚ ਪਿਛਲੇ ਜੁਲਾਈ ਮਹੀਨੇ ਤੋਂ ਬਕਾਇਆ ਪਏ ਹਨ। ਬੈਂਕਾਂ ਵਿਚ ਹਾਲਾਤ 2016 ਵਿਚ ਹੋਈ 'ਨੋਟਬੰਦੀ' ਵਰਗੇ ਬਣਦੇ ਨਜ਼ਰ ਆ ਰਹੇ ਹਨ। ਇੱਥੋਂ ਤੱਕ ਕਿ ਬਠਿੰਡਾ ਜ਼ਿਲ੍ਹੇ ਦੀਆਂ ਬੈਂਕ ਚੈਸਟ ਬ੍ਰਾਂਚਾਂ ਦੀ ਗੱਲ ਕਰੀਏ ਤਾਂ ਇਨ੍ਹਾਂ 'ਚੋਂ ਵੀ ਨਕਦੀ 'ਕਲੀਨ ਸਵੀਪ' ਹੋ ਚੁੱਕੀ ਹੈ। ਭਾਵੇਂਕਿ ਅਜਿਹੇ ਹਾਲਾਤ ਤਕਰੀਬਨ ਹਰ ਸਾਲ ਹੀ ਬਣਦੇ ਹਨ, ਪ੍ਰੰਤੂ ਇਸ ਵਾਰ ਸਥਿਤੀ ਜ਼ਿਆਦਾ ਗੰਭੀਰ ਹੈ। ਲੋਕਾਂ ਨੂੰ ਬੈਂਕਾਂ 'ਚੋਂ ਨਕਦੀ ਨਹੀਂ ਮਿਲ ਰਹੀ ਅਤੇ ਅਜਿਹੀ ਸਥਿਤੀ ਵਿਚ ਲੋਕ ਬੈਂਕ ਕਰਮਚਾਰੀਆਂ ਨਾਲ ਉਲਝਦੇ ਵੇਖੇ ਜਾ ਸਕਦੇ ਹਨ। ਇਸ ਸਥਿਤੀ ਦਾ ਕਾਰੋਬਾਰਾਂ 'ਤੇ ਮਾੜਾ ਅਸਰ ਪੈ ਰਿਹਾ ਹੈ ਅਤੇ ਨਕਦੀ ਦੀ ਕਮੀ ਕਰਕੇ ਖਾਸ ਕਰਕੇ ਦਿਹਾਤੀ ਖੇਤਰਾਂ ਵਿਚ ਖ਼ਰੀਦ ਸ਼ਕਤੀ ਘਟ ਰਹੀ ਹੈ। ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਬਠਿੰਡਾ ਜ਼ਿਲ੍ਹੇ ਦੀ ਇਕ ਐਸ. ਬੀ. ਆਈ. ਬ੍ਰਾਂਚ ਨੇ ਚੈਸਟ ਬ੍ਰਾਂਚ ਤੋਂ 80 ਲੱਖ ਰੁਪਏ ਨਕਦੀ ਦੀ ਮੰਗ ਕੀਤੀ ਤਾਂ ਉਸ ਨੂੰ ਸਿਰਫ਼ 5 ਲੱਖ ਰੁਪਏ ਨਕਦੀ ਹੀ ਪ੍ਰਾਪਤ ਹੋ ਸਕੀ। ਬੈਂਕਾਂ ਵਲੋਂ ਨਕਦੀ ਮੰਗਵਾਉਣ ਲਈ ਦੂਰ-ਦੁਰਾਡੇ ਵੀ ਸੰਪਰਕ ਕੀਤਾ ਜਾ ਰਿਹਾ ਹੈ। ਇਕ ਬੈਂਕ ਅਧਿਕਾਰੀ ਨੇ ਨਾਂਅ ਨਾ ਛਾਪਣ ਦੀ ਸ਼ਰਤ 'ਤੇ ਪੁਸ਼ਟੀ ਕੀਤੀ ਕਿ ਮੌਜੂਦਾ ਸਥਿਤੀ ਵਿਚ ਬੈਂਕ ਨਕਦੀ ਦੀ 'ਤੋਟ' ਨਾਲ ਜੂਝ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਬੈਂਕ ਵਿਚ ਅੱਜ ਦੇ ਦਿਨ ਸਿਰਫ਼ 5 ਲੱਖ ਰੁਪਏ ਦੀ ਨਕਦੀ ਆਈ ਸੀ, ਜੋ ਉਨ੍ਹਾਂ ਨੇ 5 ਖਪਤਕਾਰਾਂ ਲੱਖ-ਲੱਖ ਰੁਪਏ ਦੇ ਕੇ ਬੁੱਤਾ ਸਾਰਿਆ। ਉਨ੍ਹਾਂ ਕਿਹਾ ਕਿ ਲੋਕ ਵੀ ਬੈਂਕਾਂ ਵਿਚ ਨਕਦੀ ਜਮ੍ਹਾਂ ਕਰਵਾਉਣ ਨਹੀਂ ਆ ਰਹੇ ਹਨ। ਬੈਂਕ ਬ੍ਰਾਂਚ ਵਿਚ ਮੌਜੂਦ ਇਕ ਖ਼ਪਤਕਾਰ ਦਾ ਕਹਿਣਾ ਸੀ ਕਿ ਉਸ ਨੇ ਬੈਂਕ ਤੋਂ 5 ਲੱਖ ਰੁਪਏ ਨਕਦ ਮੰਗੇ ਸਨ, ਪ੍ਰੰਤੂ ਉਸ ਨੂੰ ਸਿਰਫ਼ ਇਕ ਲੱਖ ਨਕਦ ਹੀ ਦਿੱਤਾ ਗਿਆ। ਇਹ ਸਥਿਤੀ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਹੈ, ਪ੍ਰੰਤੂ ਹੁਣ ਜਾ ਕੇ ਸਥਿਤੀ ਜ਼ਿਆਦਾ ਗੰਭੀਰ ਰੂਪ ਧਾਰ ਗਈ ਹੈ। ਕੁਝ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਇਹ ਕੇਂਦਰ ਸਰਕਾਰ ਵਲੋਂ ਨਕਦੀ ਵਿਚ ਲੈਣ-ਦੇਣ ਘੱਟ ਕਰਨ ਦੀ ਚਾਲ ਹੋ ਸਕਦੀ ਹੈ। ਦੂਜੇ ਪਾਸੇ ਬੈਂਕਿੰਗ ਸੂਤਰਾਂ ਦਾ ਕਹਿਣਾ ਹੈ ਕਿ ਝੋਨੇ ਦੇ ਸੀਜਨ ਦੀਆਂ ਅਦਾਇਗੀਆਂ ਹੋਣ ਕਰਕੇ ਬੈਂਕਾਂ ਵਿਚ ਨਕਦੀ ਦੀ ਕਮੀ ਆਈ ਹੈ। ਨਕਦੀ ਦੀ ਕਮੀ ਨਾਲ ਵਿਆਹ-ਸ਼ਾਦੀਆਂ ਵਾਲੇ ਘਰਾਂ ਨੂੰ ਵੀ ਮੁਸ਼ਕਿਲ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਸਰਕਾਰ ਦੇ ਖਜ਼ਾਨੇ ਦੀ ਸਥਿਤੀ ਵਲ ਮੁੜੀਏ ਤਾਂ ਅਕਤੂਬਰ ਪੈਨਸ਼ਨਾਂ ਦੇ ਬਿੱਲ ਨਵੰਬਰ ਦੇ ਪਹਿਲੇ ਹਫ਼ਤੇ ਤਿਆਰ ਹੋਣ ਦੇ ਬਾਵਜੂਦ ਨਬੰਵਰ ਦੇ ਅਖੀਰ ਤੱਕ ਵੀ ਮਨਜ਼ੂਰ ਨਹੀਂ ਹੋ ਸਕੇ ਹਨ, ਕਾਰਨ 1500 ਰੁਪਏ ਪੈਨਸ਼ਨ ਨਾਲ ਮਹੀਨਾ ਭਰ ਗੁਜ਼ਾਰਾ ਕਰਨ ਵਾਲਿਆਂ ਦੇ 'ਹਲਕ' ਸੁੱਕੇ ਪਏ ਹਨ। ਇਹੀ ਨਹੀਂ, ਖਜ਼ਾਨੇ 'ਚੋਂ ਦਫ਼ਤਰੀ, ਮੈਡੀਕਲ ਅਤੇ ਬਿਜਲੀ ਬਿੱਲ ਵੀ ਪਾਸ ਨਹੀਂ ਹੋ ਰਹੇ ਹਨ।

**ਸਪਲਾਈ ਮਟੀਰੀਅਲ ਦੇ ਬਿੱਲ 5 ਮਹੀਨਿਆਂ ਤੋਂ ਪਏ ਨੇ ਬਕਾਇਆ**



ਸਿਵਲ ਸਰਜਨ ਬਠਿੰਡਾ ਨੂੰ ਸਨਮਾਨਿਤ ਕਰਦੇ ਹੋਏ ਲਾਇਨਜ਼ ਕਲੱਬ ਦੇ ਅਹੁਦੇਦਾਰ ਅਤੇ ਦਾਨੀ ਵਿਅਕਤੀ ਨੂੰ ਸਨਮਾਨਿਤ ਕਰਦੇ ਹੋਏ ਸਿਵਲ ਸਰਜਨ।

## ਬਿਜਲੀ ਬੰਦ ਰਹੇਗੀ

ਭੁੱਚੋ ਮੰਡੀ, 27 ਨਵੰਬਰ (ਪਰਵਿੰਦਰ ਸਿੰਘ ਜੌੜਾ)- ਪਾਵਰਕਾਮ ਸਬ ਡਵੀਜ਼ਨ ਭੁੱਚੋ ਦੇ ਐਸ.ਡੀ.ਓ. ਗੁਰਲਾਲ ਸਿੰਘ ਨੇ ਜਾਣਕਾਰੀ ਦਿੱਤੀ ਕਿ ਭਲਕੇ 28 ਨਵੰਬਰ ਸ਼ੁੱਕਰਵਾਰ ਨੂੰ ਵੀਜ਼ਾ ਪੱਤੀ ਸੀ. ਏ. ਟੀ-1, ਕੋਠੇ ਥਾਂਦੇ, ਬਾਬਾ ਮਾਲੋ ਅਤੇ ਲਹਿਰਾ ਬੇਗਾ ਫੀਡਰ ਜ਼ਰੂਰੀ ਮੁਰੰਮਤ ਲਈ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹਿਣ ਕਾਰਨ ਬਿਜਲੀ ਸਪਲਾਈ ਬੰਦ ਰਹੇਗੀ।

## ਬਿਜਲੀ ਸਪਲਾਈ ਬੰਦ ਰਹੇਗੀ

ਮਾਨਸਾ, 27 ਨਵੰਬਰ (ਸ.ਰਿ.)- 66 ਕੇ.ਵੀ. ਗਰਿੱਡ ਕੋਟਧਰਮੂ ਤੋਂ ਚੱਲਦੇ 11 ਕੇ.ਵੀ. ਡੇਲੂਆਣਾ ਯੂ.ਪੀ.ਐਸ. ਫੀਡਰ ਦੀ ਜ਼ਰੂਰੀ ਮੁਰੰਮਤ ਕਾਰਨ ਬਿਜਲੀ ਸਪਲਾਈ 28 ਨਵੰਬਰ ਨੂੰ ਸਵੇਰੇ 10 ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ। ਇੰਜ: ਗੁਰਬਖਸ਼ ਸਿੰਘ ਐਸ.ਡੀ.ਓ. ਸ਼ਹਿਰੀ ਸਬ ਡਵੀਜ਼ਨ ਮਾਨਸਾ ਅਤੇ ਇੰਜ: ਸੁਖਜੀਤ ਸਿੰਘ ਜੇ.ਈ. ਨੇ ਦੱਸਿਆ ਕਿ ਇਸ ਨਾਲ ਪਿੰਡ ਡੇਲੂਆਣਾ, ਅੱਕਾਂਵਾਲੀ, ਸਹਾਰਨਾ ਤੇ ਪਿਪਲੀਆਂ ਪ੍ਰਭਾਵਿਤ ਰਹਿਣਗੇ।

# ਸਿਵਲ ਸਰਜਨ ਬਠਿੰਡਾ ਨੇ ਸਿਵਲ ਹਸਪਤਾਲ ਰਾਮਾਂ ਵਿਖੇ ਲੈਬੋਰਟਰੀ ਇੱਕੁਪਮੈਂਟ ਦਾ ਕੀਤਾ ਉਦਘਾਟਨ

ਰਾਮਾਂ ਮੰਡੀ, 27 ਨਵੰਬਰ (ਤਰਸੇਮ ਸਿੰਗਲਾ)-ਸਿਹਤ ਵਿਭਾਗ ਬਠਿੰਡਾ ਦੇ ਉੱਦਮ ਸਦਕਾ ਅੱਜ ਸਿਵਲ ਹਸਪਤਾਲ ਰਾਮਾਂ ਮੰਡੀ ਵਿਖੇ ਸਿਵਲ ਸਰਜਨ ਬਠਿੰਡਾ ਡਾਕਟਰ ਤਪਿੰਦਰਜੋਤ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਹਸਪਤਾਲ ਦਾ ਦੌਰਾ ਕੀਤਾ ਅਤੇ ਇਲਾਕੇ ਦੇ ਲੋਕਾਂ ਦੀ ਸਹੂਲਤ ਲਈ ਲੈਬੋਟਰੀ ਇੱਕੁਪਮੈਂਟ ਦਾ ਰਸਮੀ ਰੀਬਨ ਕੱਟ ਕੇ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਦਾਨੀ ਵਿਅਕਤੀ ਕਮਲ ਬਾਂਸਲ ਬਠਿੰਡਾ ਵਲੋਂ ਦਾਨ ਦੇ ਰੂਪ ਵਿਚ ਦਿੱਤੇ ਗਏ ਲੈਬੋਟਰੀ ਲਈ ਲੋੜੀਂਦੇ ਸਮਾਨ ਲਈ ਉਸ ਦਾ ਧੰਨਵਾਦ ਕੀਤਾ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨ ਦਿੱਤਾ। ਇਸ ਮੌਕੇ ਉਨ੍ਹਾਂ ਹਸਪਤਾਲ ਦੇ ਸਟਾਫ਼ ਅਤੇ ਸ਼ਹਿਰ ਦੇ ਨਾਗਰਿਕਾਂ ਨਾਲ ਇੱਕ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਹਸਪਤਾਲ ਵਿਚ ਐਮਰਜੈਂਸੀ ਅਤੇ ਸਰਜਰੀ ਦੀਆਂ ਸਹੂਲਤਾਂ ਲਈ ਵੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਸਟਾਫ਼ ਵੱਲੋਂ ਲੋਕਾਂ ਨੂੰ ਵਧੀਆਂ ਸੇਵਾਵਾਂ ਦੇਣ 'ਤੇ ਜ਼ੋਰ ਦਿੱਤਾ। ਸਿਵਲ ਸਰਜਨ ਡਾਕਟਰ ਤਪਿੰਦਰਜੋਤ ਬਠਿੰਡਾ ਅਤੇ ਐੱਸ.ਐਮ.ਓ. ਡਾ.ਸਤਪਾਲ ਸਿੰਘ ਦੀਆਂ ਵਧੀਆਂ ਸੇਵਾਵਾਂ ਨੂੰ ਦੇਖਦਿਆਂ ਲਾਇਨਜ਼ ਕਲੱਬ ਰਾਮਾਂ ਹੋਪ ਦੇ ਪ੍ਰਧਾਨ ਭੂਸ਼ਣ ਲਹਿਰੀ ਅਤੇ ਵਿੱਤ ਸਕੱਤਰ ਸਤਪਾਲ ਵਰਮਾ ਵਲੋਂ ਉਨ੍ਹਾਂ ਨੂੰ ਸਰਬੋਤਮ ਦੇ ਐਵਾਰਡਾਂ ਨਾਲ ਨਿਵਾਜਿਆ ਗਿਆ। ਇਸ ਮੌਕੇ ਡਾ.ਸਤਪਾਲ ਸਿੰਘ ਐੱਸ.ਐੱਮ.ਓ., ਡਾ.ਇੰਦਰਪ੍ਰੀਤ ਵਾਲੀਆ, ਡਾ.ਰੀਸੂ ਗਰਗ, ਡਾ. ਸ਼ਿਵਾਨੀ ਬਾਂਸਲ, ਨੀਤੂ ਰਾਣੀ ਵਾਰਡ ਅਟੈਂਡ, ਰੱਤੀ ਰਜ਼ੀਨਾ ਸਟਾਫ਼ ਨਰਸ, ਦੇਵ ਰਾਜ, ਸੰਜੀਵ ਕੁਮਾਰ ਪੱਪੂ ਨਗਰ ਕੌਂਸਲਰ, ਭੂਸ਼ਣ ਲਹਿਰੀ ਪ੍ਰਧਾਨ ਲਾਇਨਜ਼ ਕਲੱਬ ਰਾਮਾਂ ਹੋਪ ਅਤੇ ਵਿੱਤ ਸਕੱਤਰ ਸਤਪਾਲ ਵਰਮਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

**ਲਾਇਨਜ਼ ਕਲੱਬ ਰਾਮਾਂ ਹੋਪ ਵਲੋਂ ਸਿਵਲ ਸਰਜਨ ਨੂੰ ਸਰਬੋਤਮ ਐਵਾਰਡ ਨਾਲ ਨਿਵਾਜਿਆ**



ਸ਼ਿਵਾਲਿਕ ਹਿਲਜ਼ ਪਬਲਿਕ ਸਕੂਲ ਰਾਮਪੁਰਾ ਦੇ ਵਿਦਿਆਰਥੀ ਵਿੱਦਿਅਕ ਯਾਤਰਾ ਦੌਰਾਨ ਸਮੂਹਿਕ ਤਸਵੀਰ ਕਰਵਾਉਣ ਸਮੇਂ। ਅਜੀਤ ਤਸਵੀਰ

# ਸ਼ਿਵਾਲਿਕ ਹਿਲਜ਼ ਸਕੂਲ ਨੇ ਸਾਇੰਸ ਸਿਟੀ ਦੀ ਕੀਤੀ ਵਿੱਦਿਅਕ ਯਾਤਰਾ

ਚਾਉਕੇ/ਰਾਮਪੁਰਾ ਫੂਲ 27 ਨਵੰਬਰ (ਮਨਜੀਤ ਸਿੰਘ ਘੜੈਲੀ/ਹੇਮੰਤ ਕੁਮਾਰ ਸ਼ਰਮਾ)-ਸੀ.ਬੀ.ਐਸ.ਈ ਨਵੀ ਦਿੱਲੀ ਤੋਂ ਬਾਰ੍ਹਵੀਂ ਤੱਕ ਮਾਨਤਾ ਪ੍ਰਾਪਤ ਸ਼ਿਵਾਲਿਕ ਹਿਲਜ਼ ਪਬਲਿਕ ਸਕੂਲ ਰਾਮਪੁਰਾ ਆਪਣੀਆਂ ਵੱਖ-ਵੱਖ ਗਤੀਵਿਧੀਆਂ ਲਈ ਹਮੇਸ਼ਾ ਸਭ ਤੋਂ ਅੱਗੇ ਰਹਿੰਦਾ ਹੈ ਤਾਂ ਕਿ ਬੱਚਿਆਂ ਚ ਇਨ੍ਹਾਂ ਗਤੀਵਿਧੀਆਂ ਰਾਹੀਂ ਸਰੀਰਕ, ਬੌਧਿਕ ਤੇ ਮਾਨਸਿਕ ਵਿਕਾਸ ਚ ਵਾਧਾ ਕੀਤਾ ਜਾ ਸਕੇ। ਇਸੇ ਲੜੀ ਤਹਿਤ ਤੀਸਰੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਦਾ ਟੂਰ ਸਵੇਰੇ ਰਵਾਨਾ ਹੋਇਆ। ਇਸ ਸਮੇਂ ਸਾਰੇ ਵਿਦਿਆਰਥੀ ਬਹੁਤ ਖੁਸ਼ ਤੇ ਉਤਸੁਕ ਨਜ਼ਰ ਆ ਰਹੇ ਸਨ। ਰਸਤੇ ਚ ਰੁੱਕ ਕੇ 9 ਵਜੇ ਸਵੇਰੇ ਦਾ ਭੋਜਨ ਦਿੱਤਾ ਗਿਆ । ਵਿਦਿਆਰਥੀ 11 ਵਜੇ ਦੇ ਕਰੀਬ ਸਾਇੰਸ ਸਿਟੀ ਪਹੁੰਚੇ। ਇੱਥੇ ਵਿਦਿਆਰਥੀਆਂ ਨੇ ਸਾਇੰਸ, ਗਣਿਤ ਅਤੇ ਸਮਾਜਿਕ ਵਿਸ਼ੇ ਬਾਰੇ ਗਿਆਨ ਪ੍ਰਾਪਤ ਕੀਤਾ ਜਿਸ ਚ ਸਭ ਤੋਂ ਪਹਿਲਾਂ ਲੇਜ਼ਰ ਲਾਇਟ ਦੁਆਰਾ ਸਮੁੰਦਰੀ ਜੀਵਾਂ, ਖੇਤੀਬਾੜੀ ਦੀ ਉਪਜ, ਰੇਗਿਸਥਾਨ ਦੀਆਂ ਥਾਵਾਂ ਆਦਿ ਦੇਖੀਆਂ, ਸਪੇਸ਼ ਸਿੱਪ ਚ ਥਰੀ ਡੀ ਫਿਲਮ ਦੇਖਦੇ ਹੋਏ ਅਸਮਾਨ ਚ ਉੱਡਣ ਦਾ ਦ੍ਰਿਸ਼ ਮਹਿਸੂਸ ਕੀਤਾ। ਸੈਟੇਲਾਈਟ, ਰਾਕੇਟ , ਜ਼ਹਾਜ ਆਦਿ ਦੇ ਇਤਿਹਾਸ ਬਾਰੇ ਪੜ੍ਹਿ ਆ । ਪੰਛੀਆਂ ਦੀਆਂ ਵੱਖ-ਵੱਖ ਜਾਤੀਆਂ ਦਾ ਗਿਆਨ ਪ੍ਰਾਪਤ ਕੀਤਾ। ਵਿਦਿਆਰਥੀਆਂ ਨੇ ਵੱਖ-ਵੱਖ ਤਰ੍ਹਾਂ ਦੀ ਮਿੱਟੀ, ਚਟਾਨਾਂ, ਪੁਰਾਣੇ ਸਿੱਕਿਆ ਬਾਰੇ ਜਾਣਕਾਰੀ ਹਾਸਿਲ ਕੀਤੀ। ਦੁਪਹਿਰ 1 ਵਜੇ ਦੇ ਨਾਲ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਦਿੱਤਾ ਗਿਆ। ਰੋਬੋਟ ਦਰੱਖਤ ਨੂੰ ਪਾਰ ਕਰਦੇ ਬੱਚੇ ਅੱਗੇ ਜੰਗਲੀ ਦ੍ਰਿਸ਼ ਨੂੰ ਪੇਸ਼ ਕਰਦੀ ਗੈਲਰੀ ਚ ਪਹੁੰਚੇ ਜਿਸ ਵਿਚ ਨਵੀਆਂ ਤਕਨੀਕਾ ਦੁਆਰਾ ਤਿਆਰ ਕੀਤੇ ਡਾਇਨਾਸੌਰ ਅਤੇ ਹੋਰ ਜੰਗਲੀ ਜਾਨਵਰਾਂ ਦਾ ਅਦਭੁੱਤ ਨਜਾਰਾ ਦੇਖਿਆ। ਇੱਥੇ ਸਚਾਈ ਨੂੰ ਪ੍ਰਗਟਾਉਂਦੀ ਧਰਤੀ ਦੀ ਅਸਲ ਕਹਾਣੀ ਨੂੰ ਦੇਖਿਆ ਕਿਸ ਤਰ੍ਹਾਂ ਹਰੀ ਭਰੀ ਧਰਤੀ ਅੱਜ ਪ੍ਰਦੂਸ਼ਣ ਭਰੀ ਦਿਖ ਰਹੀ ਹੈ। ਬੱਚਿਆ ਨੂੰ ਧਰਤੀ ਨੂੰ ਮੁੜ ਤੋਂ ਹਰਿਆਲੀ ਭਰਿਆ ਬਣਾਉਣ ਦਾ ਸਬਕ ਸਿੱਖਿਆ। ਖੇਡਾਂ ਬਾਰੇ ਜਾਣਕਾਰੀ ਹਾਸਿਲ ਕੀਤੀ, ਮੈਥ ਲੈਬ ਚ ਮੈਥ ਬਾਰੇ ਸਾਰੀਆਂ ਗਤੀਵਿਧੀਆਂ ਦੇਖੀਆਂ। ਸਾਇੰਸ ਦੀਆਂ ਵੀ ਗਤੀਵਿਧੀਆ ਹੂ-ਬ-ਹੂ ਦੇਖੀਆਂ, ਗਰੈਵਿਟੀ ਫੋਕਸ ਆਦਿ ਨਾਲ ਚਲਦੀਆਂ ਲਾਇਟਾਂ ਦੇਖ ਬੱਚੇ ਬਹੁਤ ਹੈਰਾਨ ਤੇ ਅੱਗੇ ਜਾਣਨ ਲਈ ਹੋਰ ਉਤਸੁਕ ਸਨ। ਇਹ ਟੂਰ ਯਾਦਗਾਰੀ ਹੋ ਨਿਬੜਿਆ।



ਗਤਕੇ 'ਚ ਕਾਂਸੀ ਦਾ ਤਗਮਾ ਜਿੱਤਣ ਵਾਲੇ ਵਿਦਿਆਰਥੀ ਨਾਲ ਸਕੂਲ ਪ੍ਰਬੰਧਕ। ਤਸਵੀਰ: ਰਾਜੂ

# 'ਦ ਸੰਸਕਾਰ ਸਕੂਲ' ਦੇ ਵਿਦਿਆਰਥੀ ਮਨਤਾਜ ਸਿੰਘ ਨੇ ਸੂਬਾਈ ਗਤਕਾ ਖੇਡਾਂ 'ਚ ਜਿੱਤਿਆ ਕਾਂਸੀ ਦਾ ਤਗਮਾ

ਤਲਵੰਡੀ ਸਾਬੋ, 27 ਨਵੰਬਰ (ਰਣਜੀਤ ਸਿੰਘ ਰਾਜੂ)-ਪਿਛਲੇ ਦਿਨੀਂ ਗੁਰੂ ਨਾਨਕ ਸਟੇਡੀਅਮ ਕਪੂਰਥਲਾ ਵਿਖੇ ਹੋਈਆਂ 69 ਵੀਆਂ ਪੰਜਾਬ ਰਾਜ ਅੰਤਰ-ਜ਼ਿਲ੍ਹਾ ਸਕੂਲ ਖੇਡਾਂ 2025-26 ਵਿਚ ਤਲਵੰਡੀ ਸਾਬੋ ਨਗਰ ਦੀ ਨਾਮਵਰ ਵਿੱਦਿਅਕ ਸੰਸਥਾ 'ਦ ਸੰਸਕਾਰ ਸਕੂਲ' ਦੇ ਵਿਦਿਆਰਥੀ ਮਨਤਾਜ ਸਿੰਘ ਨੇ ਸ਼ਾਨਦਾਰ ਖੇਡ ਦਿਖਾਉਂਦਿਆਂ ਕਾਂਸੀ ਦਾ ਤਗਮਾ ਆਪਣੇ ਨਾਂਅ ਕੀਤਾ ਹੈ। ਸਕੂਲ ਪ੍ਰਬੰਧਕਾਂ ਵਲੋਂ ਜਾਰੀ ਪ੍ਰੈੱਸ ਬਿਆਨ ਮੁਤਾਬਿਕ ਅੰਡਰ-14 ਉਮਰ ਵਰਗ ਦੇ ਗੱਤਕਾ ਫਰੀ ਸੋਟੀ ਟੀਮ ਈਵੈਂਟ ਵਿਚ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀ ਮਨਤਾਜ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਂਸੀ ਦਾ ਤਗਮਾ ਜਿੱਤਿਆ। ਸਕੂਲ ਪ੍ਰਬੰਧਕਾਂ ਮੁਤਾਬਿਕ ਉਸ ਦੀ ਇਸ ਜਿੱਤ ਨੇ ਬਠਿੰਡਾ ਜ਼ਿਲ੍ਹੇ ਨੂੰ ਪੰਜਾਬ ਦੇ 23 ਜ਼ਿਲ੍ਹਿਆਂ ਵਿਚੋਂ ਓਵਰਆਲ ਤੀਜਾ ਸਥਾਨ ਦਿਵਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਉੱਧਰ ਸਕੂਲ ਦੇ ਚੇਅਰਪਰਸਨ ਨਿਮਰਤ ਸਿੱਧੂ ਤੇ ਪ੍ਰਿੰਸੀਪਲ ਦੀਪਿਕਾ ਕਪੂਰ ਨੇ ਵਿਦਿਆਰਥੀ ਮਨਤਾਜ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਜਿੱਤ ਸਾਡੇ ਵਿਦਿਆਰਥੀਆਂ ਦੀ ਅੰਦਰੂਨੀ ਤਾਕਤ ਤੇ ਸਕੂਲ ਦੀ ਖੇਡ ਸਭਿਆਚਾਰ ਪ੍ਰਤੀ ਵਚਨਬੱਧਤਾ ਦੀ ਪ੍ਰਤੀਕ ਹੈ। ਮਨਤਾਜ ਸਿੰਘ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਪ੍ਰਬੰਧਕਾਂ ਵਲੋਂ ਉਸ ਦੇ ਪਰਿਵਾਰ ਤੇ ਕੋਚ ਨੂੰ ਵਧਾਈ ਦਿੰਦਿਆਂ ਵਿਦਿਆਰਥੀ ਦੇ ਚੰਗੇਰੇ ਭਵਿੱਖ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ।

## ਵਰ੍ਹੇਗੰਢ ਮਨਾਈ



ਕ੍ਰਿਸ਼ਨ ਕੁਮਾਰ ਤੇ ਸਰਲਾ ਦੇਵੀ ਵਾਸੀ ਮਾਨਸਾ ਨੇ ਵਿਆਹ ਦੀ 50ਵੀਂ ਵਰ੍ਹੇਗੰਢ ਮਨਾਈ।


**ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ**

**ਫੋਨ ਨੰਬਰ : 0163-235864**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਵਿਚ ਸਥਾਪਿਤ ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦੇ ਦਫ਼ਤਰ ਲਈ 01 ਡਿਪਟੀ ਚੀਫ ਲੀਗਲ ਏਡ ਡਿਫੈਂਸ ਕੌਂਸਲ ਅਤੇ 02 ਅਸਿਸਟੈਂਟ ਲੀਗਲ ਏਡ ਡਿਫੈਂਸ ਕੌਂਸਲ ਦੀਆਂ ਅਸਾਮੀਆਂ ਲਈ ਯੋਗ ਉਮੀਦਵਾਰਾਂ ਤੋਂ ਬਿਨੈਪੱਤਰਾਂ ਦੀ ਮੰਗ ਮਿਤੀ 12.12.2025 ਨੂੰ ਸ਼ਾਮ 05.00 ਵਜੇ ਤੱਕ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਉਮੀਦਵਾਰ ਵੈੱਬਸਾਈਟ https://moga.dcourts.gov.in/ ਉੱਪਰ ਵੇਖ ਸਕਦੇ ਹਨ।

ਸਹੀ/-
(ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ)
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ।
ਮਿਤੀ 27.11.2025
PR-Advt. No. 3212/12/2025-26/5471

**ਪੰਜਾਬ ਸਰਕਾਰ**
**ਸਥਾਨਕ ਸਰਕਾਰ ਵਿਭਾਗ**
**ਨਗਰ ਪੰਚਾਇਤ ਨਡਾਲਾ**
http://eproc.punjab.gov.in

ਵਿਭਾਗ ਸਥਾਨਕ ਸਰਕਾਰ, ਐਨ. ਪੀ ਨਡਾਲਾ ਦੁਆਰਾ ਟੈਂਡਰ/ਆਰ ਪੀ ਐਫ ਲਈ ਆਨਲਾਈਨ ਬੋਲੀ ਦੀ ਮੰਗ ਕੀਤੀ ਜਾਂਦੀ ਹੈ।
**ਸ਼ੁਰੂਆਤੀ ਮਿਤੀ ਅਤੇ ਸਮਾਂ** : 24.11.2025 ਸਵੇਰੇ 9.00 ਵਜੇ ਤੋਂ
**ਅੰਤਿਮ ਮਿਤੀ ਅਤੇ ਸਮਾਂ** : 15.12.2025 ਸ਼ਾਮ 5.00 ਵਜੇ ਤੱਕ
**ਰਾਸ਼ੀ** : 252.97 ਲੱਖ
ਵੇਰਵਿਆਂ ਲਈ ਲਾਗਆਨ ਕਰੋ : http://eproc.punjab.gov.in
**ਨੋਟ** : ਟੈਂਡਰ/ਆਰ ਪੀ ਐਫ ਨੋਟਿਸ ਸੰਬੰਧੀ ਕੋਈ ਸੋਧ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਸਹੀ/- ਕਾਰਜਕਾਰੀ ਅਧਿਕਾਰੀ, ਐਨ.ਪੀ. ਨਡਾਲਾ।
PR-Advt. No. 1799/12/2025-26/5477

**ਵਿਗਿਆਪਨ**
**ਪੰਜਾਬ ਲੋਕ ਸੇਵਾ ਕਮਿਸ਼ਨ ਦੇ ਦੋ ਮੈਂਬਰਾਂ ਦੀਆਂ ਅਸਾਮੀਆਂ ਪ੍ਰਾਪਤ ਕਰਨ ਸੰਬੰਧੀ ਨੋਟਿਸ**
**(ਇਸ਼ਤਿਹਾਰ ਮਿਤੀ : 08.02.2024, ਮਿਤੀ : 07.03.2024 ਅਤੇ ਮਿਤੀ : 18.04.2025) ਦੀ ਲਗਾਤਾਰਤਾ ਵਿਚ**

ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ 02 ਮੈਂਬਰ (ਨਾਨ-ਆਫਿਸ਼ੀਅਲ) ਦੀਆਂ ਅਸਾਮੀਆਂ ਨੂੰ ਭਰਨ ਲਈ ਬੇਦਾਗ਼, ਇਮਾਨਦਾਰ, ਉੱਚ ਲਿਆਕਤ ਅਤੇ ਪ੍ਰਸ਼ਾਸਨਿਕ ਤਜਰਬੇ ਵਾਲੇ ਉੱਘੇ ਵਿਅਕਤੀਆਂ ਤੋਂ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਅਰਜ਼ੀਆਂ ਦੇਣ ਸਮੇਂ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿਚ ਰੱਖਿਆ ਜਾਵੇ।

(ਏ) ਬਿਨੈਕਾਰ ਵਲੋਂ ਉਸ ਵਿਰੁੱਧ ਪੈਂਡਿੰਗ ਕਿਸੇ ਦੀਵਾਨੀ, ਅਪਰਾਧਿਕ, ਪ੍ਰਸ਼ਾਸਨਿਕ ਜਾਂ ਕਿਸੇ ਹੋਰ ਕਾਰਵਾਈ ਜਿਸ ਦਾ ਅਸਰ ਉਸ ਦੀ ਦਿਆਨਤਦਾਰੀ ਅਤੇ ਚਰਿੱਤਰ 'ਤੇ ਪੈ ਸਕਦਾ ਹੈ, ਸੰਬੰਧੀ ਸਪੱਸ਼ਟ ਜ਼ਿਕਰ ਕਰਨਾ ਹੋਵੇਗਾ।

(ਬੀ) ਮੈਂਬਰ (ਨਾਨ-ਆਫਿਸ਼ੀਅਲ) ਦੀ ਅਸਾਮੀ ਲਈ ਵਿਚਾਰੇ ਜਾਣ ਵਾਸਤੇ ਬਿਨੈਕਾਰ ਜਨਤਕ ਜ਼ਿੰਦਗੀ ਵਿਚ ਨਾਮਵਰ ਵਿਅਕਤੀ ਹੋਵੇ, ਜਿਸ ਨੂੰ ਕਾਨੂੰਨ, ਸਾਇੰਸ ਤੇ ਤਕਨਾਲੋਜੀ, ਸਮਾਜ ਸੇਵਾ, ਮੈਨੇਜਮੈਂਟ, ਜਰਨਲਿਜ਼ਮ, ਮਾਸ ਮੀਡੀਆ, ਪ੍ਰਸ਼ਾਸਨ, ਗਵਰਨੈਂਸ ਸੰਬੰਧੀ ਡੂੰਘਾ ਗਿਆਨ ਅਤੇ ਤਜਰਬਾ ਹੋਵੇ ਜਾਂ ਉੱਘਾ ਸਿੱਖਿਆ-ਸ਼ਾਸਤਰੀ ਹੋਵੇ ਜਾਂ ਉੱਚ ਅਕਾਦਮਿਕ ਰੁਤਬੇ ਵਾਲਾ ਹੋਵੇ ਜਾਂ ਕਿਸੇ ਹੋਰ ਵਿਦਵਾਨ ਕਿੱਤੇ ਦਾ ਮੈਂਬਰ ਹੋਵੇ।

(ਸੀ) ਬਿਨੈਕਾਰ ਦੀ ਉਮਰ ਜਨਤਕ ਸੂਚਨਾ ਜਾਰੀ ਹੋਣ ਦੀ ਮਿਤੀ ਨੂੰ 62 ਸਾਲਾਂ ਤੋਂ ਘੱਟ ਹੋਵੇ।

ਅਰਜ਼ੀਆਂ, ਸਮੇਤ ਮੁਕੰਮਲ ਬਾਇਓਡਾਟਾ (ਉਪਰੋਕਤ (ਏ) ਤੋਂ (ਸੀ) ਵਾਲੀ ਸਾਰੀ ਸੂਚਨਾ ਨਾਲ) ਦਫ਼ਤਰ ਸਕੱਤਰ ਪ੍ਰਸੋਨਲ, ਪੰਜਾਬ ਸਰਕਾਰ (ਪੀਪੀ-3 ਸ਼ਾਖਾ) ਕਮਰਾ ਨੰ: 14, 6ਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ, ਸੈਕਟਰ-1, ਚੰਡੀਗੜ੍ਹ ਵਿਖੇ ਮਿਤੀ : 12.12.2025 ਨੂੰ ਸ਼ਾਮ 05.00 ਵਜੇ ਤੱਕ ਪੁੱਜ ਜਾਣੀਆਂ ਚਾਹੀਦੀਆਂ ਹਨ।

ਨੋਟ :- ਪਹਿਲਾਂ ਦਿੱਤੇ ਗਏ ਇਸ਼ਤਿਹਾਰਾਂ ਵਿਚੋਂ 02 ਅਸਾਮੀਆਂ (ਆਫਿਸ਼ੀਅਲ ਮੈਂਬਰ) ਭਰ ਲਈਆਂ ਗਈਆਂ ਹਨ। ਜਿਨ੍ਹਾਂ ਬਿਨੈਕਾਰਾਂ ਵਲੋਂ ਨਾਨ-ਆਫਿਸ਼ੀਅਲ ਮੈਂਬਰ ਦੀ ਅਸਾਮੀ ਲਈ ਇਸ਼ਤਿਹਾਰ ਮਿਤੀ : 08.02.2024, 07.03.2024 ਅਤੇ 18.04.2025 ਦੇ ਸਨਮੁਖ ਪਹਿਲਾਂ ਹੀ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਨੂੰ ਦੁਬਾਰਾ ਅਪਲਾਈ ਕਰਨ ਦੀ ਜ਼ਰੂਰਤ ਨਹੀਂ ਹੈ।

ਸਕੱਤਰ, ਪ੍ਰਸੋਨਲ ਵਿਭਾਗ, ਪੰਜਾਬ ਸਰਕਾਰ
PR-Advt. No. : 1820/12/2025-26/5482

**ਪੰਜਾਬ ਸਰਕਾਰ**
**ਟੈਂਡਰ ਹਵਾਲਾ ਨੰ: E-Tender-NP KHANAURI/2025-26/5**

| | | |
|---|---|---|
| ਵਿਭਾਗ | : | ਨਗਰ ਪੰਚਾਇਤ ਖਨੌਰੀ, ਜ਼ਿਲ੍ਹਾ ਸੰਗਰੂਰ ਸਿਵਲ ਕੰਮਾਂ ਲਈ ਬੋਲੀ ਦੀ ਮੰਗ ਕਰਦਾ ਹੈ। |
| ਅੰਤਿਮ ਮਿਤੀ ਅਤੇ ਸਮਾਂ | : | ਅੰਤਿਮ ਮਿਤੀ 18/12/2025 ਸਮਾਂ ਸਵੇਰੇ 11.00 ਵਜੇ ਤੱਕ |
| ਵੇਰਵਿਆਂ ਲਈ ਲਾਗਆਨ ਕਰੋ | : | https://www.eproc.punjab.gov.in |

ਟਿੱਪਣੀ : ਟੈਂਡਰ ਨੋਟਿਸ ਸੰਬੰਧੀ ਕੋਈ ਸੋਧ (ਸੋਧਾਂ) ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਸਹੀ/- ਪ੍ਰਧਾਨ, ਨਗਰ ਪੰਚਾਇਤ, ਖਨੌਰੀ
ਸਹੀ/- ਕਾਰਜਕਾਰੀ ਅਧਿਕਾਰੀ, ਨਗਰ ਕੌਂਸਲ, ਖਨੌਰੀ।
PR-Advt. No. : 1229/12/2025-26/5440

**ਦਫ਼ਤਰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ-ਕਮ-ਕਾਰਜ ਸਾਧਕ ਅਫ਼ਸਰ, ਪੰਚਾਇਤ ਸੰਮਤੀ ਮਾਜਰੀ**
**(Email:-blockmajri8517@gmail.com)**
**ਇਸ਼ਤਿਹਾਰ**

ਹਰ ਆਮ ਅਤੇ ਖ਼ਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗਰਾਮ ਪੰਚਾਇਤ ਚੰਦਪੁਰ ਬਲਾਕ ਮਾਜਰੀ, ਜ਼ਿਲ੍ਹਾ ਐਸ. ਏ. ਐਸ. ਨਗਰ ਵਲੋਂ ਆਪਣੀ ਸ਼ਾਮਲਾਤ ਜ਼ਮੀਨ ਜਿਸ ਦਾ ਖਸਰਾ ਨੰ. 198 ਲਗਭਗ 2.5 ਏਕੜ ਨੂੰ 33 ਸਾਲਾ ਲੀਜ਼ 'ਤੇ Beauty and Wellness Training Academy etc. (ਸਰਕਾਰੀ ਹਦਾਇਤਾਂ/ਪਾਲਿਸੀ ਅਨੁਸਾਰ ਜੋ Permissible ਹੋਵੇਗਾ) ਬਣਾਉਣ ਲਈ ਦੇਣਾ ਚਾਹੁੰਦੀ ਹੈ। ਬੋਲੀ ਵਿਚ ਭਾਗ ਲੈਣ ਲਈ ਬੋਲੀਕਾਰ ਨੂੰ 2.00 ਲੱਖ ਰੁਪਏ ਦਾ ਡਰਾਫਟ ਬਤੌਰ ਸਕਿਉਰਿਟੀ ਸਰਪੰਚ ਗਰਾਮ ਪੰਚਾਇਤ ਚੰਦਪੁਰ ਜ਼ਿਲ੍ਹਾ ਐਸ. ਏ. ਐਸ. ਨਗਰ ਦੇ ਨਾਂਅ 'ਤੇ ਬਣਾ ਕੇ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ। ਸਰਪੰਚ ਗਰਾਮ ਪੰਚਾਇਤ ਚੰਦਪੁਰ ਵਲੋਂ ਉਕਤ ਰਕਬੇ ਨੂੰ 33 ਸਾਲਾ ਲੀਜ਼ 'ਤੇ ਦੇਣ ਲਈ ਉਕਤ ਰਕਬੇ ਦੀ ਬੋਲੀ ਮਿਤੀ 15.12.2025 ਨੂੰ ਸਵੇਰੇ 11.00 ਵਜੇ ਬੀ. ਡੀ. ਪੀ. ਓ. ਦਫ਼ਤਰ ਮਾਜਰੀ ਜ਼ਿਲ੍ਹਾ ਐਸ. ਏ. ਐਸ. ਨਗਰ ਵਿਖੇ ਕੀਤੀ ਜਾਵੇਗੀ। ਬੋਲੀ ਨੂੰ ਪ੍ਰਵਾਨ ਜਾਂ ਰੱਦ ਕਰਨ ਦਾ ਅਧਿਕਾਰ ਸਰਪੰਚ ਗਰਾਮ ਪੰਚਾਇਤ ਚੰਦਪੁਰ ਨੂੰ ਹੋਵੇਗਾ। ਬੋਲੀ ਦੀਆਂ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਸਹੀ/- ਪੰਚਾਇਤ ਸਕੱਤਰ, ਗਰਾਮ ਪੰਚਾਇਤ ਚੰਦਪੁਰ, ਬਲਾਕ ਮਾਜਰੀ
ਸਹੀ/-ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਮਾਜਰੀ
PR-Advt. No.:-1673/12/2025-26/5439

**ਪੰਜਾਬ ਸਰਕਾਰ**
**ਸਥਾਨਕ ਸਰਕਾਰ ਵਿਭਾਗ**
**ਨਗਰ ਕੌਂਸਲ, ਸੁਲਤਾਨਪੁਰ ਲੋਧੀ**
**http://eproc.punjab.gov.in**

ਸਥਾਨਕ ਸਰਕਾਰ ਵਿਭਾਗ, ਐਮ.ਸੀ. ਸੁਲਤਾਨਪੁਰ ਲੋਧੀ ਦੁਆਰਾ ਟੈਂਡਰ/ਆਰ ਪੀ ਐਫ ਲਈ ਆਨਲਾਈਨ ਬੋਲੀ ਦੀ ਮੰਗ ਕੀਤੀ ਜਾਂਦੀ ਹੈ।
ਸ਼ੁਰੂਆਤੀ ਮਿਤੀ ਅਤੇ ਸਮਾਂ : 24.11.2025 ਨੂੰ ਸਵੇਰੇ 9.00 ਵਜੇ
ਅੰਤਿਮ ਮਿਤੀ ਅਤੇ ਸਮਾਂ : 15.12.2025 ਸ਼ਾਮ 5.00 ਵਜੇ ਤੱਕ
ਰਾਸ਼ੀ : 1351.08 ਲੱਖ
ਵੇਰਵਿਆਂ ਲਈ ਲਾਗਆਨ ਕਰੋ : **http://eproc.punjab.gov.in**
**ਟਿੱਪਣੀ** : ਟੈਂਡਰ/ਆਰ ਪੀ ਐਫ ਨੋਟਿਸ ਲਈ ਕੋਈ ਸੋਧ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਸਹੀ/-ਕਾਰਜਕਾਰੀ ਅਧਿਕਾਰੀ, ਐਮ.ਸੀ. ਸੁਲਤਾਨਪੁਰ ਲੋਧੀ
PR-Advt. No :- 1781/12/2025-26/5421

**ਪੰਜਾਬ ਮੰਡੀ ਬੋਰਡ**
**ਈ-ਮੇਲ pmb.xencpat@punjab.gov.in**
**ਆਨਲਾਈਨ ਬੋਲੀਆਂ ਮੰਗਣ ਦਾ ਨੋਟਿਸ**
**ਟੈਂਡਰ ਨੋਟਿਸ ਨੰ. 38/27.11.2025**

ਪੰਜਾਬ ਦੇ ਰਾਜਪਾਲ ਦੀ ਤਰਫੋਂ ਕਾਰਜਕਾਰੀ ਇੰਜੀਨੀਅਰ (ਸੀ) ਪੰਜਾਬ ਮੰਡੀ ਬੋਰਡ ਪਟਿਆਲਾ ਦੁਆਰਾ ਐਮ ਸੀ ਸਮਾਣਾ, ਡਕਾਲਾ, ਪਟਿਆਲਾ ਅਤੇ ਦੂਧਨ ਸਾਧਾਂ ਜ਼ਿਲ੍ਹਾ ਪਟਿਆਲਾ ਅਧੀਨ ਵੱਖ-ਵੱਖ ਸੰਪਰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ ਵਾਸਤੇ ਪੰਜਾਬ ਮੰਡੀ ਬੋਰਡ ਕੋਲ ਰਜਿਸਟਰਡ ਯੋਗ ਬੋਲੀਕਾਰਾਂ ਤੋਂ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
(ਅੰਦਾਜ਼ਨ ਰਾਸ਼ੀ : 3800.00 ਲੱਖ)
ਅੰਤਿਮ ਮਿਤੀ ਅਤੇ ਸਮਾਂ : 15.12.2025 ਸਵੇਰੇ 11.00 ਵਜੇ
ਵੇਰਵੇ ਲਈ ਲਾਗਆਨ ਕਰੋ : https://eproc.punjab.gov.in
**ਟਿੱਪਣੀ** : ਟੈਂਡਰ ਨੋਟਿਸ ਸੰਬੰਧੀ ਕੋਈ ਵੀ ਸੋਧ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਸਹੀ/-ਕਾਰਜਕਾਰੀ ਇੰਜੀਨੀਅਰ (ਸੀ) ਪੰਜਾਬ ਮੰਡੀ ਬੋਰਡ, ਪਟਿਆਲਾ।
PR-Advt. No :- 1685/12/2025-26/5473

**ਪੰਜਾਬ ਸਰਕਾਰ**

ਨਗਰ ਪੰਚਾਇਤ ਵਿਭਾਗ ਦਿੜ੍ਹਬਾ (ਸੰਗਰੂਰ) ਦੁਆਰਾ ਦਿੜ੍ਹਬਾ ਵਿਖੇ ਵੱਖ-ਵੱਖ ਵਾਰਡਾਂ ਵਿਚ ਵਿਕਾਸ ਕੰਮਾਂ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।

| ਟੈਂਡਰ ਸ਼ਡਿਊਲ | ਟੈਂਡਰ/ਆਰ.ਐਫ.ਪੀ. ਹਵਾਲਾ ਨੰ: ਈ-ਟੈਂਡਰ | ਟੈਂਡਰ/ਆਰ ਐੱਫ ਪੀ ਹਵਾਲਾ ਨੰ: ਈ-ਟੈਂਡਰ | ਟੈਂਡਰ/ਆਰ ਐੱਫ ਪੀ ਹਵਾਲਾ ਨੰ: ਈ-ਟੈਂਡਰ |
|---|---|---|---|
| | LG/NPDIRBA/2025-26/09 | LG/NPDIRBA/2025-26/10 | LG/NPDIRBA/2025-26/11 |
| ਅੰਤਿਮ ਮਿਤੀ ਅਤੇ ਸਮਾਂ | ਮਿਤੀ : 09.12.2025 ਸਮਾਂ : ਸਵੇਰੇ 11:00 ਵਜੇ | ਮਿਤੀ : 15.12.2025 ਸਮਾਂ : ਦੁਪਹਿਰ 12:00 ਵਜੇ | ਮਿਤੀ : 22.12.2025 ਸਮਾਂ : ਦੁਪਹਿਰ 12:00 ਵਜੇ |
| ਪੂਰਵ-ਬੋਲੀ ਮੀਟਿੰਗ : | ਮਿਤੀ : 01.12.2025 ਸਮਾਂ : ਸਵੇਰੇ 11:00 ਵਜੇ | ............................... | ਮਿਤੀ : 12.12.2025 ਸਮਾਂ : ਦੁਪਹਿਰ 12:00 ਵਜੇ |

ਵੇਰਵੇ ਲਈ ਲਾਗਆਨ ਕਰੋ :- www.eproc.punjab.gov.in
ਨੋਟ :- ਟੈਂਡਰ/ਆਰ ਐੱਫ ਪੀ ਨੋਟਿਸ ਸੰਬੰਧੀ ਕੋਈ ਸੋਧ (ਸੋਧਾਂ) ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਸਹੀ/- ਪ੍ਰਧਾਨ, ਨਗਰ ਪੰਚਾਇਤ ਦਿੜ੍ਹਬਾ।
ਸਹੀ/- ਕਾਰਜਕਾਰੀ ਅਧਿਕਾਰੀ, ਨਗਰ ਪੰਚਾਇਤ ਦਿੜ੍ਹਬਾ।
PR-Advt. No.: 1228/12/2025-26/5423

**ਪੰਜਾਬ ਸਰਕਾਰ**
**ਆਰ ਐਫ ਪੀ/ਟੈਂਡਰ ਹਵਾਲਾ ਨੰ. 361-365/TIC ਮਿਤੀ : 26.11.2025**

ਨਗਰ ਨਿਗਮ ਵਿਭਾਗ ਪਟਿਆਲਾ ਦੁਆਰਾ ਹੇਠਾਂ ਲਿਖੇ ਕੰਮ ਲਈ ਆਨਲਾਈਨ ਬੋਲੀ ਦੀ ਮੰਗ ਕੀਤੀ ਜਾਂਦੀ ਹੈ :-

| ਲੜੀ ਨੰ. | ਕੰਮਾਂ ਦਾ ਵੇਰਵਾ/ਆਇਟਮ | ਮਾਤਰਾ (ਕੰਮਾਂ ਦੀ ਗਿਣਤੀ) |
|---|---|---|
| 1. | ਅਮਰੁਤ 2.0 ਅਧੀਨ ਜ਼ਿਲ੍ਹਾ ਪਟਿਆਲਾ ਵਿਖੇ ਅੰਮ੍ਰਿਤ ਸਰੋਵਰ ਰਜਿੰਦਰਾ ਲੇਕ ਨੂੰ ਮੁੜ-ਸੁਰਜੀਤ ਕਰਨਾ ਅਤੇ 5 ਸਾਲਾ ਸੰਚਾਲਨ ਅਤੇ ਰੱਖ-ਰਖਾਵ ਕਰਨਾ। | 1 |

ਪੂਰਵ ਬੋਲੀ ਮੀਟਿੰਗ ਮਿਤੀ ਅਤੇ ਸਮਾਂ : 08.12.2025 ਨੂੰ ਸਵੇਰੇ 11.30 ਵਜੇ।
ਅੰਤਿਮ ਮਿਤੀ ਅਤੇ ਸਮਾਂ : 18.12.2025 ਨੂੰ ਸ਼ਾਮ 17.00 ਵਜੇ ਤੱਕ
ਖੁੱਲ੍ਹਣ ਦੀ ਮਿਤੀ ਅਤੇ ਸਮਾਂ : 19.12.2025 ਨੂੰ ਸਵੇਰੇ 11.00 ਵਜੇ
ਵੇਰਵਿਆਂ ਲਈ ਲਾਗਆਨ ਕਰੋ : www.eproc.punjab.gov.in
**ਟਿੱਪਣੀ** : ਟੈਂਡਰ/ਆਰ ਐਫ ਪੀ ਨੋਟਿਸ ਲਈ ਕੋਈ ਸੋਧ (ਸੋਧਾਂ) ਨੂੰ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

ਸਹੀ/-ਸੁਪ੍ਰਿੰਟੈਂਡਿੰਗ ਇੰਜੀਨੀਅਰ, ਨਗਰ ਨਿਗਮ, ਪਟਿਆਲਾ।
PR-Advt. No :- 1794/12/2025-26/5420

**ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ ਡਿਪੂ**
**SHORT TENDER NOTICE**
**(Press Note)**

ਪੀ.ਆਰ.ਟੀ.ਸੀ. ਪਟਿਆਲਾ ਡਿਪੂ ਦੇ ਅਧਿਕਾਰਤ ਖੇਤਰ ਅਧੀਨ ਆਉਂਦੇ ਨਵੇਂ ਬੱਸ ਸਟੈਂਡ ਪਟਿਆਲਾ ਵਿਖੇ ਸਥਿਤ ਦੁਕਾਨਾਂ ਨੂੰ 11 ਮਹੀਨਿਆਂ ਲਈ ਲਾਇਸੈਂਸੀ ਆਧਾਰ 'ਤੇ ਦੇਣ ਲਈ ਮਿਤੀ 28.11.2025 ਨੂੰ ਮੋਹਰਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਇਹ ਸੀਲ ਬੰਦ ਟੈਂਡਰ ਮਿਤੀ 08.12.2025 ਨੂੰ ਦੁਪਹਿਰ 12.00 ਵਜੇ ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਉਸੇ ਦਿਨ ਬਾਅਦ ਦੁਪਹਿਰ 3.00 ਵਜੇ ਟੈਂਡਰਕਰਤਾ ਜਾਂ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਮੌਜੂਦਗੀ ਵਿਚ ਖੋਲ੍ਹੇ ਜਾਣਗੇ। ਟੈਂਡਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| ਕਲੱਸਟਰ ਨੰ: | ਨਵੇਂ ਬੱਸ ਸਟੈਂਡ ਪਟਿਆਲਾ ਸਥਿਤ ਦੁਕਾਨਾਂ ਦਾ ਵੇਰਵਾ | ਦੁਕਾਨਾਂ ਲਈ ਰਿਜ਼ਰਵ ਕੀਮਤ (ਬਿਨਾਂ ਖਰਚੇ) | ਅਰਨਸਟ ਮਨੀ (ਰੁਪਏ ਵਿਚ) | ਪ੍ਰਤੀ ਟੈਂਡਰ ਫੀਸ (ਨਾ-ਮੋੜਨਯੋਗ) |
|---|---|---|---|---|
| 1. | ਦੁਕਾਨ ਨੰ: 1, 5, 6, 7 ਅਤੇ 8 | ₹ 5,59,710/- | ₹ 12,000/- | ₹ 1500/- |
| 2. | ਦੁਕਾਨ ਨੰ: 2, 9, 10, 11, 12, 14, 15 ਅਤੇ 16 | ₹ 12,24,960/- | ₹ 25,000/- | ₹ 1500/- |

ਸੀਲ ਬੰਦ ਟੈਂਡਰ ਨਾਲ ਜਮ੍ਹਾਂ ਕਰਵਾਈ ਜਾਣ ਵਾਲੀ ਅਰਨਸਟ ਮਨੀ ਦਾ ਡਿਮਾਂਡ ਡਰਾਫਟ ਐਮ.ਡੀ., ਪੀ.ਆਰ.ਟੀ.ਸੀ. ਪਟਿਆਲਾ ਦੇ ਨਾਂਅ 'ਤੇ ਭੁਗਤਾਨਯੋਗ ਹੋਵੇਗਾ। ਅਸਫਲ ਟੈਂਡਰਕਾਰਾਂ ਵਲੋਂ ਜਮ੍ਹਾਂ ਕਰਵਾਈ ਗਈ ਅਰਨਸਟ ਰਕਮ ਵਾਪਸ ਕਰ ਦਿੱਤੀ ਜਾਵੇਗੀ। ਜਿਹੜੇ ਸੀਲ ਬੰਦ ਟੈਂਡਰ ਬਿਨਾਂ ਅਰਨਸਟ ਮਨੀ/ਟੈਂਡਰ ਫੀਸ ਤੋਂ ਬਿਨਾਂ ਜਮ੍ਹਾਂ ਕਰਵਾਏ ਜਾਣਗੇ, ਉਹ ਵਿਚਾਰੇ ਨਹੀਂ ਜਾਣਗੇ।

ਇਸ ਟੈਂਡਰ ਸੰਬੰਧੀ ਟੈਂਡਰ ਫਾਰਮ ਪ੍ਰਾਪਤ ਕਰਨ ਲਈ ਅਤੇ ਹੋਰ ਜਾਣਕਾਰੀ/ਸ਼ਰਤਾਂ ਸੰਬੰਧੀ ਕਿਸੇ ਵੀ ਕੰਮ ਵਾਲੇ ਦਿਨ ਦਫ਼ਤਰ ਵਿਚੋਂ ਜਾਂ Email ID prtc.pat@gmail.com/ ਵੈੱਬਸਾਈਟ www.pepsurtc.com 'ਤੇ ਪ੍ਰਾਪਤ/ਦੇਖਿਆ ਜਾ ਸਕਦਾ ਹੈ। ਜੇਕਰ ਕੋਰੀਜੰਡਮ ਜਾਰੀ ਕੀਤਾ ਜਾਂਦਾ ਹੈ ਤਾਂ ਉਹ ਪੀ.ਆਰ.ਟੀ.ਸੀ. ਦੀ ਵੈੱਬਸਾਈਟ 'ਤੇ ਜਾਰੀ ਕੀਤਾ ਜਾਵੇਗਾ। ਨਿਮਨਹਸਤਾਖਰ ਕੋਲ ਇਹ ਹੱਕ ਰਾਖਵਾਂ ਹੋਵੇਗਾ ਕਿ ਉਹ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਜਾਂ ਸਾਰੇ ਸੀਲਬੰਦ ਟੈਂਡਰਾਂ ਨੂੰ ਰੱਦ ਕਰ ਸਕਦੇ ਹਨ।

ਸਹੀ/- ਜਨਰਲ ਮੈਨੇਜਰ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ ਡਿਪੂ
PR-Advt. No: 1044/12/2025-26/5432

Ph : 01655-230016
Mail ID : Mcmaur095@gmail.com

**ਦਫ਼ਤਰ ਨਗਰ ਕੌਂਸਲ ਮੌੜ (ਬਠਿੰਡਾ)**

ਨੰਬਰ: 4626 ਮਿਤੀ : 26/11/2025

**ਪਬਲਿਕ ਨੋਟਿਸ**

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ ਵਲੋਂ ਮਿਤੀ 16/12/2025 ਨੂੰ ਦਫ਼ਤਰ ਨਗਰ ਕੌਂਸਲ ਮੌੜ ਵਿਖੇ ਬੋਲੀਆਂ ਰੱਖੀਆਂ ਗਈਆਂ ਹਨ। ਇਨ੍ਹਾਂ ਬੋਲੀਆਂ ਸੰਬੰਧੀ ਸ਼ਰਤਾਂ ਕਿਸੇ ਵੀ ਕੰਮ ਵਾਲੇ ਦਿਨ ਦਫ਼ਤਰੀ ਸਮੇਂ ਦੌਰਾਨ ਦੇਖੀਆਂ ਜਾ ਸਕਦੀਆਂ ਹਨ। ਚਾਹਵਾਨ ਸੱਜਣ ਮੌਕੇ 'ਤੇ ਪਹੁੰਚ ਕੇ ਲਾਭ ਉਠਾਉਣ ਜੇਕਰ ਇਸ ਦਿਨ ਕੋਈ ਸਰਕਾਰੀ ਛੁੱਟੀ ਹੋ ਜਾਂਦੀ ਹੈ ਤਾਂ ਇਹ ਬੋਲੀਆਂ ਅਗਲੇ ਕੰਮ ਵਾਲੇ ਦਿਨ ਨਿਸਚਿਤ ਸਮੇਂ ਅਨੁਸਾਰ ਕੀਤੀਆਂ ਜਾਣਗੀਆਂ। ਬੋਲੀਆਂ ਰੱਦ/ਪ੍ਰਵਾਨ/ਨਾ-ਪ੍ਰਵਾਨ ਕਰਨ ਦਾ ਅਧਿਕਾਰ ਪ੍ਰਧਾਨ/ਕਾਰਜ ਸਾਧਕ ਅਫ਼ਸਰ ਪਾਸ ਰਾਖਵਾਂ ਹੋਵੇਗਾ।

| ਲੜੀ ਨੰ: | ਆਈਟਮ | ਬੋਲੀ/ਠੇਕੇ ਦਾ ਸਮਾਂ | ਰਿਜ਼ਰਵ ਕੀਮਤ | ਬਿਆਨਾ ਰਕਮ | ਸਫ਼ਲ ਬੋਲੀਕਾਰ ਵਲੋਂ ਸਕਿਉਰਿਟੀ | ਬੋਲੀ ਦਾ ਸਮਾਂ |
|---|---|---|---|---|---|---|
| 1. | ਬੱਸ ਅੱਡੇ ਦੇ ਅੰਦਰ ਲੱਗੀਆਂ ਰੇਹੜੀਆਂ ਦੀ ਕੁਲੈਕਸ਼ਨ ਦਾ ਠੇਕਾ ਦੇਣ ਦੀ ਮਿਤੀ ਤੋਂ ਇਕ ਸਾਲ ਲਈ | 16/12/2025 | 2000/- | 10000/- | 25000/- | ਸਵੇਰੇ 10.30 ਵਜੇ |
| 2. | ਬੱਸ ਸਟੈਂਡ 'ਤੇ ਬੱਸ ਐਂਟਰੀ ਫੀਸ ਦਾ ਠੇਕਾ ਦੇਣ ਦੀ ਮਿਤੀ ਤੋਂ ਇਕ ਸਾਲ ਲਈ | 16/12/2025 | 2000/- | 10000/- | 25000/- | ਸਵੇਰੇ 11.00 ਵਜੇ |
| 3. | ਦਫ਼ਤਰ ਨਗਰ ਕੌਂਸਲ ਮੌੜ ਵਿਖੇ ਜੋ ਕਬਾੜ ਦਾ ਸਾਮਾਨ ਪਿਆ ਹੈ ਉਸਨੂੰ ਖੁੱਲ੍ਹੀ ਬੋਲੀ ਰਾਹੀਂ ਨਿਲਾਮ ਕਰਨਾ। | 16/12/2025 | --- | 10000/- | 10000/- | ਸਵੇਰੇ 11.30 ਵਜੇ |

ਸਹੀ/- ਪ੍ਰਧਾਨ, ਨਗਰ ਕੌਂਸਲ, ਮੌੜ।
ਸਹੀ/- ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਮੌੜ।
PR-Advt. No: 2162/12/2025-26/5422